# India-Türkiye Foreign Office Consultations

June 11, 2022

## ਭਾਰਤ-ਤੁਰਕੀਏ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਹੋਇਆ ਸਲਾਹ-ਮਸ਼ਵਰਾ

## 11 ਜੂਨ, 2022

1. ਭਾਰਤ-ਤੁਰਕੀਏ ਦੇ ਵਿਦੇਸ਼ ਦਫਤਰਾਂ ਦਰਮਿਆਨ ਸਲਾਹ-ਮਸ਼ਵਰੇ ਦਾ 11ਵਾਂ ਗੇੜ 10 ਜੂਨ, 2022 ਨੂੰ ਅੰਕਾਰਾ ਵਿੱਚ ਹੋਇਆ। ਇਸ ਸਲਾਹ-ਮਸ਼ਵਰੇ ਦੀ ਸਹਿ-ਪ੍ਰਧਾਨਗੀ ਸਕੱਤਰ (ਪੱਛਮ) ਸ੍ਰੀ ਸੰਜੇ ਵਰਮਾ ਅਤੇ ਤੁਰਕੀਏ ਗਣਰਾਜ ਦੇ ਵਿਦੇਸ਼ ਉਪ ਮੰਤਰੀ ਮਹਾਮਹਿਮ ਸ਼੍ਰੀਮਾਨ ਸੇਦਾਤ ਨੇ ਕੀਤੀ। ਵਿਦੇਸ਼ ਦਫਤਰਾਂ ਦੇ ਸਲਾਹ ਮਸ਼ਵਰੇ ਦਾ ਪਿਛਲਾ ਦੌਰ ਮਈ, 2019 ਵਿੱਚ ਨਵੀਂ ਦਿੱਲੀ ਵਿਖੇ ਹੋਇਆ ਸੀ।

2. ਸਲਾਹ-ਮਸ਼ਵਰੇ ਦੌਰਾਨ ਦੋਵਾਂ ਧਿਰਾਂ ਨੇ ਦੁਵੱਲੇ ਸਬੰਧਾਂ ਦੀ ਵਿਆਪਕ ਸਮੀਖਿਆ ਕੀਤੀ। ਦੋਵਾਂ ਧਿਰਾਂ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਕਿ 2021-2022 ਵਿੱਚ ਦੁਵੱਲਾ ਵਪਾਰ 10 ਅਰਬ ਅਮਰੀਕੀ ਡਾਲਰ ਤੋਂ ਵੱਧ ਹੋਣ ਨਾਲ ਵਪਾਰਕ ਸਬੰਧ ਹੋਰ ਵਧ ਰਹੇ ਹਨ। ਭਾਰਤੀ ਕੰਪਨੀਆਂ ਤੁਰਕੀਏ ਦੇ ਆਟੋਮੋਬਾਈਲ, ਫਾਰਮਾ ਅਤੇ ਆਈਟੀ ਸੈਕਟਰਾਂ ਵਿੱਚ ਮੌਜੂਦ ਹਨ। ਜਦੋਂ ਕਿ ਤਰਕੀਏ ਦੀਆਂ ਕੰਪਨੀਆਂ ਭਾਰਤ ਦੇ ਬੁਨਿਆਦੀ ਢਾਂਚੇ ਅਤੇ ਇੰਜੀਨੀਅਰਿੰਗ ਖੇਤਰਾਂ ਵਿੱਚ ਮੌਕਿਆਂ ਦੀ ਭਾਲ ਕਰ ਰਹੀਆਂ ਸਨ। ਦੋਵੇਂ ਧਿਰ ਆਰਥਿਕ, ਸੱਭਿਆਚਾਰਕ ਅਤੇ ਲੋਕ ਪੱਧਰੀ ਸਬੰਧਾਂ ਨੂੰ ਅੱਗੇ ਵਧਾਉਣ ਉੱਤੇ ਸਹਿਮਤ ਹੋਏ।

3. ਦੋਵਾਂ ਧਿਰਾਂ ਨੇ ਯੂਕਰੇਨ ਅਤੇ ਹਿੰਦ-ਪ੍ਰਸ਼ਾਂਤ ਸਮੇਤ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਦੁਵੱਲੇ ਕੂਟਨੀਤਕ ਸਬੰਧਾਂ ਦੇ 75 ਸਾਲ ਪੂਰੇ ਹੋਣ ਦਾ ਜਸ਼ਨ ਢੁੱਕਵੇਂ ਢੰਗ ਨਾਲ ਮਨਾਉਣ ਉੱਤੇ ਵੀ ਸਹਿਮਤ ਹੋਏ।

4. ਗੱਲਬਾਤ ਆਪਸੀ ਸਮਝਦਾਰੀ ਅਤੇ ਸਪੱਸ਼ਟਤਾ ਨਾਲ ਹੋਈ । ਦੋਵੇਂ ਧਿਰਾਂ ਨੇ ਅਗਲੇ ਸਾਲ ਭਾਰਤ ਵਿੱਚ ਆਪਸੀ ਸਹੂਲਤ ਦੇ ਸਮੇਂ 'ਤੇ ਸਲਾਹ-ਮਸ਼ਵਰੇ ਦਾ ਅਗਲਾ ਦੌਰ ਕਰਵਾਉਣ ਉੱਤੇ ਸਹਿਮਤ ਹੋਈਆਂ।

ਨਵੀਂ ਦਿੱਲੀ
10 ਜੂਨ, 2022

DISCLAIMER: This is an approximate translation. The original is available in English on MEA's website and may be referred to as the official press release.